ਪਿਆਰੇ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ

ਏ-ਸਵੇਇਲ (ਹੈਲੋ), ਤੁਹਾਡੇ ਨਾਲ ਇਕ ਵਾਰ ਫਿਰ ਗੱਲ ਕਰਨੀ ਚੰਗੀ ਲੱਗਦੀ ਹੈ।

ਇਸ ਹਫਤੇ ਦਾ ਸੁਨੇਹਾ ਉਸ ਚੀਜ਼ ਦਾ ਨਕਸ਼ਾ ਵਾਹੁਣ ਬਾਰੇ ਹੈ, ਜਿਸ ਨੂੰ ਤੁਸੀਂ ਸਾਡੀ ਸੈਕੰਡਰੀ ਸਕੂਲਾਂ ਸੰਬੰਧੀ ਸੇਧ ਵੱਜੋਂ ਦੇਖੋਗੇ। ਮੈਂ ਤੁਹਾਨੂੰ ਸਾਡੀਆਂ ਸੰਚਾਰ ਦੀਆਂ ਵਿਉਤਾਂ (ਕਮਿਊਨੀਕੇਸ਼ਨ ਪਲੈਨਜ਼), ਅਤੇ ਆਉਣ ਵਾਲੇ ਹਫਤਿਆਂ ਦੌਰਾਨ ਹੋਣ ਵਾਲੀਆਂ ਚੀਜ਼ਾਂ ਅਤੇ ਉਨ੍ਹਾਂ ਦੇ ਸਮਿਆਂ ਬਾਰੇ ਦੱਸਣਾ ਚਾਹੁੰਦਾ ਹਾਂ। ਸਾਡੀ ਮੁੱਖ ਪਹਿਲ ਸੈਕੰਡਰੀ ਸਕੂਲਾਂ ਬਾਰੇ ਰੂਪ ਰੇਖਾ ਤਿਆਰ ਕਰਨੀ ਹੈ ਅਤੇ ਐਲੀਮੈਂਟਰੀ ਸਕੂਲਾਂ ਬਾਰੇ ਸਾਡਾ ਵਿਸਥਾਰ ਭਰਿਆ ਸੁਨੇਹਾ ਅਗਲੇ ਹਫਤੇ ਆਵੇਗਾ।

ਹਮੇਸ਼ਾਂ ਵਾਂਗ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਵੇਲੇ ਕਿੱਥੇ ਖੜ੍ਹੇ ਹਾਂ। ਡਾਕਟਰ ਬੌਨੀ ਹੈਨਰੀ ਦੇ ਨਿਰਦੇਸ਼ਾਂ ਅਨੁਸਾਰ, ਸਕੂਲ ਸਤੰਬਰ ਵਿੱਚ ਖੁੱਲ੍ਹਣਗੇ, ਜਿਸ ਵਿੱਚ ਵਿਦਿਆਰਥੀ ਸਮੂਹਾਂ ਵਿੱਚ ਆਉਣਗੇ, ਸੈਕੰਡਰੀ ਸਕੂਲਾਂ ਵਿੱਚ ਇਕ ਸਮੂਹ ਵਿੱਚ ਵਿਦਿਆਰਥੀਆਂ ਦੀ ਗਿਣਤੀ 120 ਤੱਕ ਅਤੇ ਐਲੀਮੈਂਟਰੀ ਸਕੂਲਾਂ ਵਿੱਚ ਇਕ ਸਮੂਹ ਵਿੱਚ ਵਿਦਿਆਰਥੀਆਂ ਦੀ ਗਿਣਤੀ 60 ਤੱਕ ਹੋਵੇਗੀ। ਇਹ ਸੱਭ ਕੁਝ ਸਕੂਲ ਵਿੱਚ ਹੋਣ ਸਮੇਂ ਵਿਦਿਆਰਥੀਆਂ ਵਿਚਕਾਰ ਹੋਣ ਵਾਲੇ ਨੇੜਲੇ ਸੰਪਰਕ ਦਾ ਪ੍ਰਬੰਧ ਕਰਨ ਲਈ ਹੈ। ਇਹ ਆਪਣੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਅਤੇ ਬੱਚਿਆਂ ਨੂੰ ਸਕੂਲਾਂ ਵਿੱਚ ਵਾਪਸ ਲਿਆਉਣ ਬਾਰੇ ਹੈ। ਡਾਕਟਰ ਹੈਨਰੀ ਦੇ ਨਿਰਦੇਸ਼ਾਂ ਅਨੁਸਾਰ ਸਰੀ ਨੇ ਕਿਸ ਤਰ੍ਹਾਂ ਦੀ ਵਿਉਂਤ ਬਣਾਈ ਹੈ ਅਤੇ ਸੰਭਾਵੀ ਤੌਰ 'ਤੇ ਸਾਡੇ ਸੈਕੰਡਰੀ ਸਕੂਲ ਕਿਸ ਤਰ੍ਹਾਂ ਦਿਖਾਈ ਦੇਣਗੇ?

ਆਪਣੇ ਬੋਰਡ ਆਫ ਐਜੂਕੇਸ਼ਨ ਦੇ ਨਿਰਦੇਸ਼ ਅਧੀਨ, ਸਾਡੀ ਮੈਨੇਜਮੈਂਟ ਟੀਮ, ਜਿਸ ਵਿੱਚ ਸਾਡੇ ਜ਼ਿਲ੍ਹੇ ਦਾ ਸੀਨੀਅਰ ਸਟਾਫ ਅਤੇ ਸਾਡੇ ਪ੍ਰਿੰਸੀਪਲ ਅਤੇ ਉੱਪ-ਪ੍ਰਿੰਸੀਪਲ ਸ਼ਾਮਲ ਹਨ, ਨੇ ਇਕ ਮਾਡਲ ਤਿਆਰ ਕੀਤਾ ਹੈ ਜਿਸ ਵਿੱਚ ਸਮੂਹ ਵਿਚਲੇ ਲੋਕਾਂ ਦੀ ਗਿਣਤੀ 120 ਤੋਂ ਕਾਫੀ ਘੱਟ ਹੈ। ਅਸੀਂ ਇਹ ਮਾਡਲ ਆਪਣੇ ਮੁੱਖ ਭਾਈਵਾਲਾਂ-ਕਿਊਪੀ 728, ਸਰੀ ਟੀਚਰਜ਼ ਐਸੋਸੀਏਸ਼ਨ, ਅਤੇ ਆਪਣੇ ਜ਼ਿਲ੍ਹੇ ਦੀ ਪੇਰੈਂਟ ਐਡਵਾਇਜ਼ਰੀ ਕਾਉਂਸਲ- ਨਾਲ ਸਾਂਝਾ ਕੀਤਾ ਹੈ। ਮੈਂ ਆਪਣੇ ਮਾਪਿਆਂ, ਅਤੇ ਪ੍ਰਿੰਸੀਪਲਾਂ ਅਤੇ ਉੱਪ ਪ੍ਰਿੰਸੀਪਲਾਂ ਦਾ ਸਾਡੇ ਮਾਡਲ ਬਾਰੇ ਉਠਾਏ ਸਵਾਲਾਂ ਅਤੇ ਰਾਏ ਦੇਣ ਲਈ ਧੰਨਵਾਦ ਕਰਦਾ ਹਾਂ। ਤੁਹਾਡੇ ਕੰਮ ਨੇ ਸਾਡੀ ਰੂਪ ਰੇਖਾ (ਡਿਜ਼ਾਇਨ) ਨੂੰ ਤਿਆਰ ਕਰਨ ਵਿੱਚ ਬਿਲਕੁਲ ਹਿੱਸਾ ਪਾਇਆ ਹੈ। ਸਾਡੇ ਲਈ ਆਪਣੇ ਮਾਡਲਾਂ ਨੂੰ 21 ਅਗਸਤ ਨੂੰ ਮਨਿਸਟਰੀ ਆਫ ਐਜੂਕੇਸ਼ਨ ਕੋਲ ਦਾਖਲ ਕਰਨਾ ਜ਼ਰੂਰੀ ਹੈ, ਅਤੇ ਜੇ ਇਨ੍ਹਾਂ ਨੂੰ ਮਨਜ਼ੂਰ ਕਰ ਲਿਆ ਜਾਂਦਾ ਹੈ, ਤਾਂ ਇਹ 26 ਅਗਸਤ ਨੂੰ ਪੂਰੀ ਤਰ੍ਹਾਂ ਜਨਤਕ ਕੀਤੇ ਜਾਣਗੇ। ਅਸੀਂ ਆਉਣ ਵਾਲੇ ਸਮੇਂ ਵਿੱਚ ਸਲਾਹ ਮਸ਼ਵਰਾ ਕਰਨਾ, ਤਬਦੀਲੀਆਂ ਕਰਨਾ ਅਤੇ ਸੁਧਾਰ ਕਰਨਾ ਜਾਰੀ ਰੱਖਾਂਗੇ, ਪਰ ਮਾਡਲ ਵੱਲ ਵਾਪਸ ਆਉਂਦੇ ਹਾਂ, ਇਹ ਇਸ ਸਮੇਂ ਅਸਲ ਵਿੱਚ ਕਿਸ ਤਰ੍ਹਾਂ ਦਾ ਹੈ?

ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਵਿਦਿਆਰਥੀਆਂ ਨੂੰ ਕਿਵੇਂ ਵੰਡਿਆ ਹੈ। ਗ੍ਰੇਡ 8 ਅਤੇ 9 ਵਿੱਚ ਸਾਡੇ ਜੂਨੀਅਰ ਵਿਦਿਆਰਥੀ ਹਨ, ਅਤੇ ਗ੍ਰੇਡ 10-12 ਵਿੱਚ ਸਾਡੇ ਗ੍ਰੈਜੂਏਸ਼ਨ ਪ੍ਰੋਗਰਾਮ ਵਿਚਲੇ ਵਿਦਿਆਰਥੀ ਹਨ। ਇਹ ਵੰਡ ਸਾਡੇ ਬੀ ਸੀ ਦੇ ਪਾਠਕ੍ਰਮ ਦੇ ਆਧਾਰ 'ਤੇ ਹੈ, ਜਿਸ ਵਿੱਚ ਸਾਡੇ ਜੂਨੀਅਰ ਵਿਦਿਆਰਥੀ ਬਹੁਤ ਹੱਦ ਤੱਕ ਇਕ ਰੁਟੀਨ ਪ੍ਰੋਗਰਾਮ ਵਿੱਚ ਹੁੰਦੇ ਹਨ ਅਤੇ ਸਾਡੇ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਵਿਦਿਆਰਥੀ ਆਪਣੀਆਂ ਵਿਲੱਖਣ ਲੋੜਾਂ ਅਤੇ ਸਿੱਖਲਾਈ ਦੇ ਰਸਤਿਆਂ ਦੀ ਪੂਰਤੀ ਲਈ ਕਈ ਤਰ੍ਹਾਂ ਦੇ ਕੋਰਸਾਂ ਦੀ ਚੋਣ ਕਰਨੀ ਸ਼ੁਰੂ ਕਰ ਦਿੰਦੇ ਹਨ।

ਸਾਡੇ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਵਿਦਿਆਰਥੀਆਂ, ਇਕ ਵਾਰ ਫਿਰ ਇਹ ਗ੍ਰੇਡ 10, 11, 12 ਦੇ ਵਿਦਿਆਰਥੀ ਹੁੰਦੇ ਹਨ, ਲਈ ਸਮੂਹ ਦਾ ਸਾਈਜ਼ 30 ਹੈ। ਗ੍ਰੇਡ 8 ਅਤੇ 9 ਦੇ ਜੂਨੀਅਰ ਵਿਦਿਆਰਥੀਆਂ ਲਈ ਸਮੂਹ ਦਾ ਸਾਡਾ ਸਾਈਜ਼ 60 ਹੈ। ਅਸੀਂ ਇਹ ਉਸ ਸਿਸਟਮ ਨੂੰ ਅਪਣਾਅ ਕੇ ਕਰ ਸਕੇ ਹਾਂ, ਜਿਹੜਾ ਸਿਸਟਮ 10 ਹਫਤਿਆਂ ਦੇ ਵਾਧੇ ਵਿੱਚ ਪੜ੍ਹਾਈ ਦੇ ਲੰਮੇ ਸਮਿਆਂ 'ਤੇ ਆਧਾਰਤ ਹੈ। ਸਾਰੇ ਸੈਕੰਡਰੀ ਵਿਦਿਆਰਥੀਆਂ ਕੋਲ ਇਕ ਸਮੇਂ 2 ਕੋਰਸ ਹੋਣਗੇ, ਅਤੇ ਉਹ ਉਹਨਾਂ ਕੋਰਸਾਂ ਵਿੱਚ ਦੀ 10 ਹਫਤਿਆਂ ਦੌਰਾਨ ਲੰਘਣਗੇ। ਇਸ ਦਾ ਮਤਲਬ ਹੈ ਕਿ ਇਕ ਸਾਲ ਵਿੱਚ, ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਚੁਣੇ 8 ਕੋਰਸ ਮਿਲਣਗੇ, ਜਿਹੜੇ ਉਹਨਾਂ ਨੇ ਕੋਰਸਾਂ ਦੀ ਚੋਣ ਕਰਨ ਸਮੇਂ ਚੁਣੇ ਸਨ।

ਹਰ ਵਿਦਿਆਰਥੀ ਹਰ ਰੋਜ਼ ਸਕੂਲ ਆਏਗਾ ਅਤੇ ਸਾਡੇ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਵਿਦਿਆਰਥੀਆਂ ਲਈ ਇਕ ਬਲਾਕ ਆਹਮੋ-ਸਾਹਮਣੇ ਹੋ ਕੇ ਪੜ੍ਹਨ (ਫੇਸ-ਟੂ-ਫੇਸ ਪੜ੍ਹਾਈ) ਦਾ ਹੋਵੇਗਾ ਅਤੇ ਇਕ ਬਲਾਕ ਮਿਸ਼ਰਤ ਹੋਵੇਗਾ ਜਿਸ ਵਿੱਚ ਆਹਮੋ-ਸਾਹਮਣੇ ਹੋ ਕੇ ਪੜ੍ਹਨਾ ਅਤੇ ਆਨਲਾਈਨ ਪੜ੍ਹਨਾ ਸ਼ਾਮਲ ਹੋਵੇਗਾ। ਮਿਸ਼ਰਤ ਕਲਾਸਾਂ ਵਿਚਲੇ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਇਹ ਵਿਦਿਆਰਥੀ ਹਰ ਹਫਤੇ ਵਿੱਚ 4 ਦਿਨ ਆਨਲਾਈਨ ਪੜ੍ਹਨਗੇ ਅਤੇ 1 ਦਿਨ ਆਹਮੋ-ਸਾਹਮਣੇ ਹੋ ਕੇ ਪੜ੍ਹਨਗੇ। ਮਿਸ਼ਰਤ ਕਲਾਸਾਂ ਵਿੱਚ ਵਿਦਿਆਰਥੀ ਜਦੋਂ

ਆਹਮੋ-ਸਾਹਮਣੇ ਮਿਲਣਗੇ, ਉਦੋਂ ਸਰੀਰਕ ਦੂਰੀ ਯਕੀਨੀ ਬਣਾਉਣ ਲਈ ਕਲਾਸਾਂ ਦਾ ਸਾਈਜ਼ ਘਟਾਇਆ ਜਾਵੇਗਾ। ਦੁਪਹਿਰੋਂ ਬਾਅਦ ਦੇ ਸਮੇਂ ਕਲਾਸਾਂ ਦੇ ਸਾਈਜ਼ ਨੂੰ ਛੋਟਾ ਰੱਖਣ ਦਾ ਕਾਰਨ ਇਹ ਹੈ ਕਿ ਸਵੇਰ ਦੇ ਸਮੇਂ ਦੌਰਾਨ ਉਹ ਆਪਣੇ 30 ਦੇ ਕੁਦਰਤੀ ਸਮੂਹ ਨਾਲ ਹੋਣਗੇ ਅਤੇ ਦੁਪਹਿਰੋਂ ਬਾਅਦ ਉਹਨਾਂ ਨੂੰ ਦੂਜੇ ਸਮੂਹਾਂ ਦੇ ਵਿਦਿਆਰਥੀ ਨਾਲ ਰਲਾਇਆ ਜਾਵੇਗਾ। ਸਿਹਤ ਦੀਆਂ ਸੇਧਾਂ ਅਨੁਸਾਰ, ਜਦੋਂ ਵਿਦਿਆਰਥੀ ਆਪਣੇ ਸਮੂਹਾਂ ਤੋਂ ਬਾਹਰ ਦੇ ਸਮੂਹਾਂ ਨਾਲ ਮਿਲਣਗੇ, ਤਾਂ ਸਾਨੂੰ ਦੁਪਹਿਰੋਂ ਬਾਅਦ ਦੇ ਇਨ੍ਹਾਂ ਗਰੁੱਪਾਂ ਨੂੰ ਬਹੁਤ ਛੋਟੇ ਰੱਖਣ ਅਤੇ ਸਰੀਰਕ ਤੌਰ 'ਤੇ ਇਕ ਦੂਸਰੇ ਤੋਂ ਦੂਰ ਰੱਖਣ ਦੀ ਲੋੜ ਹੋਵੇਗੀ।

ਗ੍ਰੇਡ 8 ਅਤੇ 9 ਦੇ ਵਿਦਿਆਰਥੀ ਸਕੂਲ ਵਿੱਚ 100 ਫੀਸਦੀ ਸਮੇਂ ਲਈ ਆਹਮੋ-ਸਾਹਮਣੇ ਹੋ ਕੇ ਪੜ੍ਹਨਗੇ। ਇਸ ਦੇ ਨਾਲ ਹੀ ਉਹ ਇਕ ਬਲਾਕ ਸਵੇਰ ਨੂੰ ਲੈਣਗੇ ਅਤੇ ਇਕ ਬਲਾਕ ਦੁਪਹਿਰੋਂ ਬਾਅਦ ਅਤੇ ਇਹ ਬਲਾਕ ਸਮੇਂ ਵਿੱਚ ਲੰਮੇ ਹੋਣਗੇ, ਇਕ ਰੈਗੂਲਰ ਬਲਾਕ ਨਾਲੋਂ ਦੁੱਗਣੇ ਸਮੇਂ ਦੇ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਸਵੇਰ ਦੇ ਸਮੇਂ ਵਿੱਚ 30 ਦੇ ਗਰੁੱਪ ਵਿੱਚ ਹੋਣਗੇ, ਅਤੇ ਦੁਪਹਿਰੋਂ ਬਾਅਦ 30 ਹੋਰਾਂ ਦੇ ਗਰੁੱਪ ਵਿੱਚ, ਗ੍ਰੇਡ 8 ਅਤੇ 9 ਦੇ ਵਿਦਿਆਰਥੀਆਂ ਲਈ 60 ਦਾ ਇਹ ਸਮੂਹ ਹੋਵੇਗਾ।

ਸਾਡਾ ਮਾਡਲ ਸਮੂਹਾਂ ਨੂੰ ਛੋਟੇ ਰੱਖਦਾ ਹੈ, ਅਤੇ ਇਹ ਯਕੀਨੀ ਬਣਾਉਣ ਲਈ ਕਿ ਸਾਡੇ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਵਿਦਿਆਰਥੀਆਂ ਨੂੰ ਉਹਨਾਂ ਵੱਲੋਂ ਚੁਣੇ ਅਤੇ ਉਹਨਾਂ ਨੂੰ ਲੋੜੀਂਦੇ ਕੋਰਸ ਮਿਲਣ, ਮਿਸ਼ਰਤ ਪੜ੍ਹਾਈ ਦਾ ਫਾਇਦਾ ਉਠਾਉਂਦਾ ਹੈ। ਇਹ ਉਹਨਾਂ ਨੂੰ ਉਹਨਾਂ ਵੱਲੋਂ ਚੁਣੇ ਕੋਰਸਾਂ ਅਤੇ ਗ੍ਰੈਜੂਏਸ਼ਨ ਦੇ ਉਸ ਰਾਹ 'ਤੇ ਰੱਖਦਾ ਹੈ, ਜਿਸ ਰਾਹ 'ਤੇ ਜਾਣ ਦਾ ਉਹਨਾਂ ਦਾ ਇਰਾਦਾ ਹੈ। ਸਾਡੇ ਮਾਡਲ ਵਿੱਚ ਸਾਡੀ ਅੰਤਿਮ ਤਬਦੀਲੀ ਸਕੂਲ ਸ਼ੁਰੂ ਕਰਨ ਅਤੇ ਖਤਮ ਕਰਨ, ਬ੍ਰੇਕ ਲੈਣ ਅਤੇ ਲੰਚ ਕਰਨ ਦੇ ਸਮਿਆਂ 'ਤੇ ਗੌਰ ਕਰਨਾ ਹੈ। ਸਾਡੇ ਜੂਨੀਅਰ ਵਿਦਿਆਰਥੀ ਗ੍ਰੈਜੂਏਸ਼ਨ ਪ੍ਰੋਗਰਾਮ ਦੇ ਵਿਦਿਆਰਥੀਆਂ ਤੋਂ ਪਹਿਲਾਂ ਆਉਣਗੇ ਅਤੇ ਅਸੀਂ ਸਵੇਰ ਦੀਆਂ ਬ੍ਰੇਕਾਂ ਅਤੇ ਲੰਚ ਟਾਇਮ ਨੂੰ ਵੱਖ ਵੱਖ ਰੱਖਿਆ ਹੈ ਤਾਂ ਕਿ ਕੋਈ ਵੀ ਸਮਾਂ ਅਜਿਹਾ ਨਾ ਹੋਵੇ ਜਦੋਂ ਸਾਡੀ ਸਕੂਲ ਦੀ ਅਬਾਦੀ ਦਾ 40% ਹਿੱਸਾ ਇਕੋ ਸਮੇਂ ਲੰਚ 'ਤੇ ਹੋਵੇ। ਸਕੂਲ ਸ਼ੁਰੂ ਹੋਣ ਅਤੇ ਖਤਮ ਹੋਣ ਸਮੇਂ ਕਿਸੇ ਵੀ ਇਕ ਸਮੇਂ ਦੌਰਾਨ ਸਾਡੇ ਵਿਦਿਆਰਥੀਆਂ ਦੀ 60% ਤੋਂ ਵੱਧ ਵਿਦਿਆਰਥੀ ਨਹੀਂ ਆ ਰਹੇ ਹੋਣਗੇ ਜਾਂ ਜਾ ਰਹੇ ਹੋਣਗੇ। ਸਕੂਲ ਵਿੱਚ ਆਉਣ ਸਮੇਂ ਵਿਦਿਆਰਥੀਆਂ ਵਿਚਕਾਰ ਸਰੀਰਕ ਦੂਰੀ ਰੱਖਣ ਅਤੇ ਉਹਨਾਂ ਨੂੰ ਜਲਦੀ ਨਾਲ ਆਪਣੇ ਸਮੂਹਾਂ ਵਿੱਚ ਸ਼ਾਮਲ ਕਰਨ ਲਈ ਅਸੀਂ ਸਿਹਤ ਅਤੇ ਸੁਰੱਖਿਆ ਬਾਰੇ ਬਹੁਤ ਸਾਰੇ ਨਿਯਮ ਅਤੇ ਸੇਧਾਂ ਤਿਆਰ ਕੀਤੀਆਂ ਹਨ। ਸਾਡੇ ਸਫਾਈ ਦੇ ਨਿਯਮ, ਆਉਣ ਜਾਣ ਲਈ ਲਾਈਨਾਂ ਅਤੇ ਹਿਦਾਇਤਾਂ, ਉਸ ਤਰ੍ਹਾਂ ਦੀਆਂ ਚੀਜ਼ਾਂ ਜਿਹੜੀਆਂ ਤੁਸੀਂ ਸਟੋਰਾਂ ਵਿੱਚ ਦੇਖਦੇ ਹੋ, ਸਾਡੇ ਵਿਦਿਆਰਥੀ ਵੀ ਉਸ ਤਰ੍ਹਾਂ ਦੀਆਂ ਚੀਜ਼ਾਂ ਸਕੂਲ ਵਿੱਚ ਦੇਖਣਗੇ ਤਾਂ ਕਿ ਉਹਨਾਂ ਦੀ ਆਉਣ ਜਾਣ, ਕਲਾਸ ਵਿੱਚ ਰਹਿਣ ਅਤੇ ਆਪਣੇ ਸਮੂਹ ਵਿੱਚ ਸੁਰੱਖਿਅਤ ਢੰਗ ਨਾਲ ਰਹਿਣ ਵਿੱਚ ਮਦਦ ਹੋ ਸਕੇ।

ਮੈਂ ਜਾਣਦਾ ਹਾਂ ਇਹ ਅੰਕੜੇ ਬਹੁਤ ਜ਼ਿਆਦਾ ਹਨ ਅਤੇ ਸਮਝਣ ਵਾਲਾ ਬਹੁਤ ਕੁਝ ਹੈ, ਪਰ ਜਿਹੜੀ ਗੱਲ ਅੱਜ ਅਸੀਂ ਦੱਸਣੀ ਚਾਹੁੰਦੇ ਸੀ, ਉਹ ਹੈ ਸੈਕੰਡਰੀ ਸਕੂਲਾਂ ਲਈ ਸਾਡਾ ਅਸਲੀ ਮਾਡਲ ਤਾਂ ਕਿ ਮਾਪਿਆਂ ਨੂੰ ਪਤਾ ਹੋਵੇ ਕਿ ਕਿਸ ਚੀਜ਼ ਦੀ ਉਮੀਦ ਰੱਖਣੀ ਹੈ। ਮੂਲ ਰੂਪ ਵਿੱਚ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਜੇ ਕੋਈ ਵਿਦਿਆਰਥੀ ਗ੍ਰੇਡ 8 ਜਾਂ 9 ਵਿੱਚ ਹੈ ਤਾਂ ਉਹ ਹਫਤੇ ਵਿੱਚ ਪੰਜ ਦਿਨ ਪੂਰੇ ਦਿਨ ਲਈ ਸਕੂਲ ਵਿੱਚ ਹੋਵੇਗਾ। ਜੇ ਕੋਈ ਵਿਦਿਆਰਥੀ ਗ੍ਰੇਡ 10, 11 ਜਾਂ 12 ਵਿੱਚ ਹੈ ਤਾਂ ਹਫਤੇ ਦੇ 5 ਦਿਨਾਂ ਦੀਆਂ ਸਾਰੀਆਂ ਸਵੇਰਾਂ ਨੂੰ ਉਹ ਆਹਮੋ-ਸਾਹਮਣੇ ਬੈਠ ਕੇ ਪੜ੍ਹੇਗਾ ਅਤੇ ਦੁਪਹਿਰੋਂ ਬਾਅਦ ਕਿਸੇ ਇਕ ਹੋਰ ਦਿਨ ਮੰਗਲਵਾਰ, ਬੁੱਧਵਾਰ ਜਾਂ ਵੀਰਵਾਰ ਨੂੰ ਆਹਮੋ-ਸਾਹਮਣੇ ਬੈਠ ਕੇ ਪੜ੍ਹੇਗਾ। ਸਾਡੇ ਮਾਡਲ ਅਨੁਸਾਰ ਗ੍ਰੈਜੂਏਸ਼ਨ ਪ੍ਰੋਗਰਾਮ ਵਿਚਲੇ ਵਿਦਿਆਰਥੀ ਜੂਨੀਅਰ ਵਿਦਿਆਰਥੀਆਂ ਨਾਲੋਂ ਥੋੜ੍ਹਾ ਜਿਹਾ ਬਾਅਦ ਵਿੱਚ ਸਕੂਲ ਆਉਣਾ ਸ਼ੁਰੂ ਕਰਨਗੇ ਤਾਂ ਕਿ ਅਸੀਂ ਆਵਾਜਾਈ ਅਤੇ ਸੰਪਰਕ ਨੂੰ ਕੰਟਰੋਲ ਕਰਨ ਲਈ ਵੱਖ ਵੱਖ ਸਮੇਂ ਦੇ ਦਾਖਲੇ ਦਾ ਪ੍ਰਬੰਧ ਕਰ ਸਕੀਏ।

ਅਸੀਂ ਸਾਡੇ ਮਾਡਲ ਨੂੰ ਹੋਰ ਜ਼ਿਆਦਾ ਵਿਸਥਾਰ ਨਾਲ ਦੱਸਣ ਲਈ ਪੂਰੀ ਪੇਸ਼ਕਾਰੀ ਤਿਆਰ ਕਰ ਕੇ ਆਪਣੇ ਜ਼ਿਲ੍ਹੇ ਦੇ ਵੈੱਬਸਾਈਟ 'ਤੇ ਪਾਈ ਹੈ। ਜੇ ਤੁਸੀਂ ਅਜੇ ਵੀ ਹੋਰ ਵਿਸਤ੍ਰਿਤ ਜਾਣਕਾਰੀ ਚਾਹੁੰਦੇ ਹੋ ਅਤੇ ਇਸ ਨੂੰ ਮੁਕੰਮਲ ਰੂਪ ਵਿੱਚ ਦੇਖਣਾ ਚਾਹੁੰਦੇ ਹੋ, ਤਾਂ ਉਹ ਵੀਡੀਓ ਦੇਖੋ ਅਤੇ ਉਹ ਤੁਹਾਨੂੰ ਉਸ ਸਭ ਕੁੱਝ ਬਾਰੇ ਸਾਰੀ ਲੋੜੀਂਦੀ ਜਾਣਕਾਰੀ ਦੇਵੇਗੀ ਜੋ ਕੁਝ ਅਸੀਂ 21 ਅਗਸਤ ਨੂੰ ਮਨਿਸਟਰੀ ਆਫ ਐਜੂਕੇਸ਼ਨ ਕੋਲ ਪੇਸ਼ ਕਰ ਰਹੇ ਹਾਂ। ਮਨਜ਼ੂਰੀ ਮਿਲਣ ਬਾਅਦ ਅਸੀਂ ਸਕੂਲ ਲੱਗਣ ਅਤੇ ਛੁੱਟੀ ਹੋਣ ਦੇ ਸਮਿਆਂ ਵਰਗੀਆਂ ਸਾਰੀਆਂ ਅੰਤਿਮ ਜਾਣਕਾਰੀਆਂ ਪੂਰੀ ਤਰ੍ਹਾਂ ਤੁਹਾਨੂੰ ਦੱਸਾਂਗੇ।

ਸਾਡੇ ਮਾਡਲ ਵਿੱਚ ਸਮੂਹ ਛੋਟੇ ਰਹਿੰਦੇ ਹਨ, ਹਰ ਵਿਦਿਆਰਥੀ ਹਰ ਰੋਜ਼ ਸਕੂਲ ਆਉਂਦਾ ਹੈ, ਵਿਦਿਆਰਥੀ ਆਪਣੇ ਚੁਣੇ ਹੋਏ ਕੋਰਸਾਂ ਅਤੇ ਗ੍ਰੈਜੂਏਸ਼ਨ ਦੇ ਰਾਹ 'ਤੇ ਰਹਿੰਦੇ ਹਨ, ਅਤੇ ਅਧਿਆਪਕਾਂ ਨੂੰ ਉਹ ਕੋਰਸ ਪੜ੍ਹਾਉਣ ਦਾ ਮੌਕਾ ਮਿਲਦਾ ਹੈ ਜੋ ਉਹਨਾਂ ਨੇ ਨਾਰਮਲ ਤੌਰ 'ਤੇ ਪੜ੍ਹਾਉਣੇ ਸਨ। ਇਸ ਦੇ ਨਾਲ ਹੀ ਅਸੀਂ ਸਿਹਤ ਅਤੇ ਸੁਰੱਖਿਆ ਦੀਆਂ ਸਖਤ ਸ਼ਰਤਾਂ ਦੀ ਪਾਲਣਾ ਵੀ ਕਰ ਰਹੇ ਹਾਂ ਅਤੇ ਅਸੀਂ ਆਪਣੇ ਸੱਭ ਤੋਂ ਸੀਨੀਅਰ ਵਿਦਿਆਰਥੀਆਂ ਲਈ ਆਪਣੇ ਇੱਛਿਤ ਅਧਿਆਪਕਾਂ ਤੋਂ ਲੋੜੀਂਦੀ ਸਿੱਖਿਆ ਪ੍ਰਾਪਤ

ਕਰਨ ਦੇ ਇਕ ਢੰਗ ਵੱਜੋਂ ਮਿਸ਼ਰਤ ਪੜ੍ਹਾਈ ਦਾ ਫਾਇਦਾ ਉਠਾ ਰਹੇ ਹਾਂ। ਅਸੀਂ ਇਕ ਵਾਰ ਫਿਰ ਇਹਨਾਂ ਮਾਡਲਾਂ ਨੂੰ ਤਿਆਰ ਕਰਨ ਵਿੱਚ ਸਾਡੀ ਮਦਦ ਕਰਨ ਲਈ ਆਪਣੇ ਪ੍ਰਿੰਸੀਪਲਾਂ ਅਤੇ ਉੱਪ-ਪ੍ਰਿੰਸੀਪਲਾਂ ਦਾ ਉਹਨਾਂ ਦੇ ਸਮਰਪਣ ਅਤੇ ਸਖਤ ਕੰਮ ਲਈ ਧੰਨਵਾਦ ਕਰਦੇ ਹਾਂ, ਅਤੇ ਕਿਊਪੀ, ਸਰੀ ਦੇ ਟੀਚਰਾਂ ਅਤੇ ਜ਼ਿਲ੍ਹੇ ਦੇ ਭਾਈਵਾਲ ਮਾਪਿਆਂ ਦਾ ਵੀ ਧੰਨਵਾਦ ਕਰਦੇ ਹਾਂ, ਅਸੀਂ ਇਹ ਗੱਲਬਾਤ ਜਾਰੀ ਰੱਖਣ ਦੀ ਤਾਂਘ ਰੱਖਦੇ ਹਾਂ ਤਾਂ ਕਿ ਅਸੀਂ ਸਤੰਬਰ ਵਿੱਚ ਬੱਚਿਆਂ ਦਾ ਉਹਨਾਂ ਦੇ ਇੱਛਤ ਕੋਰਸਾਂ ਅਤੇ ਖਿਆਲ ਰੱਖਣ ਵਾਲੇ ਅਜਿਹੇ ਵਾਤਾਵਰਨ ਵਿੱਚ ਸਵਾਗਤ ਕਰ ਸਕੀਏ ਜਿਹੜਾ ਵਾਤਾਵਰਨ ਸਾਡੇ ਸਕੂਲ ਪੈਦਾ ਕਰਦੇ ਹਨ।

ਹਾਇਚਕੇ